ਮਨੁੱਖ

(ਲੇਖਕ: ਸੋਹਣ ਸਿੰਘ ਸੀਤਲ)

ਸਭ ਜੀਵਾਂ ਵਿੱਚੋਂ ਮਨੁੱਖ ਨੂੰ ਉੱਤਮ ਗਿਆਨ ਪ੍ਰਾਪਤ ਹੈ। ਇਸੇ ਵਾਸਤੇ ਪੰਜਵੇਂ ਪਾਤਸ਼ਾਹ ਇਸ ਨੂੰ 'ਧਰਤੀ ਦਾ ਸਰਦਾਰ' ਕਹਿੰਦੇ ਹਨ।

– ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (੩੭੪)

ਸੇਵਾ, ਭਜਨ, ਪਰਉਪਕਾਰ, ਸਭ ਚੰਗੇ ਕਰਮ ਮਨੁੱਖਾ ਦੇਹੀ ਦੁਆਰਾ ਹੀ ਹੋ ਸਕਦੇ ਹਨ। ਨਿਰੰਕਾਰ ਨੇ ਇਹ ਵਡਿਆਈ ਕੇਵਲ ਮਨੁੱਖ ਨੂੰ ਹੀ ਬਖ਼ਸ਼ੀ ਹੈ।

– ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥ (੧੦੭੫)

ਕਬੀਰ ਜੀ ਕਹਿੰਦੇ ਹਨ ਕਿ ਇਸੇ ਵਾਸਤੇ ਦੇਵਤੇ ਵੀ ਇਸ ਮਨੁੱਖਾ ਦੇਹੀ ਨੂੰ ਲੋਚਦੇ ਹਨ।

– ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥ (੧੧੫੯)

ਪਰ ਇਹ ਮਨੁੱਖਾ ਦੇਹੀ ਮਿਲੀ ਹੈ ਇੱਕ ਉੱਚੇ ਕਾਰਜ ਵਾਸਤੇ ਵਾਹਿਗੁਰੂ ਨਾਲ ਅਭੇਦ ਹੋਣ ਵਾਸਤੇ।

– ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥
ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ (੩੭੮)

ਗੁਰੂ ਨਾਨਕ ਦੇਵ ਜੀ ਵੀ ਚੇਤਾਵਨੀ ਕਰਾਉਂਦੇ ਹਨ ਕਿ ਇਹੋ ਵਾਰੀ ਹੈ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੀ।

– ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥ ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥
ਮੇਰੇ ਮਨ ਲੈ ਲਾਹਾ ਘਰਿ ਜਾਹਿ॥ ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥ (੨੦)

ਪੰਜਵੇਂ ਪਾਤਸ਼ਾਹ ਵੀ ਯਾਦ ਕਰਾਉਂਦੇ ਹਨ:

– ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ (੪੩)

ਇਹ ਮਨੁੱਖਾ ਦੇਹੀ (ਕਾਂਇਆਂ) ਹਰੀ ਦਾ ਮੰਦਰ ਹੈ।

– ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥ (੧੨੫੬)

– ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ॥ (੯੫੨)

– ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥ (੫੪੨)

ਇਸ ਸਰੀਰ ਅੰਦਰ ਨਿਰੰਕਾਰ ਨੇ ਬਹੁਤ ਕੁਝ ਲੁਕਾ ਕੇ ਰੱਖਿਆ ਹੈ, ਪਰ ਮਿਲਦਾ ਖੋਜ ਕੀਤਿਆਂ ਹੀ ਹੈ।

– ਤਨੁ ਮਨੁ ਖੋਜੇ ਤਾ ਨਾਉ ਪਾਏ॥ ਧਾਵਤੁ ਰਾਖੈ ਠਾਕਿ ਰਹਾਏ॥
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ॥
ਇਸੁ ਕਾਇਆ ਅੰਦਰਿ ਵਸਤੁ ਅਸੰਖਾ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ॥ (੧੧੦)

– ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ॥
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥ (੭੫੪)

ਸਭ ਤੋਂ ਉੱਤਮ ਨਿਰੰਕਾਰ ਦੀ ਜੋਤਿ ਹੈ ਜੋ ਹਰ ਸਰੀਰ ਵਿੱਚ ਬਿਰਾਜਮਾਨ ਹੈ।

– ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ॥ (੨੦)

– ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥ (੧੪੨੭)

– ਸਭ ਏਕਾ ਜੋਤਿ ਜਾਣੈ ਜੇ ਕੋਈ॥ ਸਤਿਗੁਰੁ ਸੇਵਿਐ ਪਰਗਟੁ ਹੋਈ॥ (੧੨੦)

– ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ॥ (੯੬)

– ਆਪਿ ਉਪਾਏ ਨਾਨਕਾ ਆਪੇ ਰਖੈ ਵੇਕ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥ ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥ (੧੨੩੮)

ਸਭ ਤੋਂ ਵੱਡਾ ਗੁਣ ਇਨਸਾਨ ਵਿੱਚ ਇਹ ਹੈ ਕਿ ਇਸ ਵਿੱਚ ਪੁੰਨ ਤੇ ਪਾਪ ਦੋਵੇਂ ਕਰਮ ਕਰਨ ਦੀ ਸ਼ਕਤੀ ਹੈ। ਫਿਰ ਵੀ ਇਹ ਪਾਪ ਤੋਂ ਬਚਿਆ ਰਹੇ ਤਾਂ ਇਹ ਇਸ ਦੀ ਵਡਿਆਈ ਹੈ। ਪਰ ਇਹ ਗੁਰੂ ਦੀ ਮਤਿ (ਉਪਦੇਸ਼) ਦੁਆਰਾ ਹੋ ਸਕਦਾ ਹੈ।

– ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ॥ (੧੨੬)

ਧਰਤੀ ਦਾ 'ਸਰਦਾਰ' ਹੁੰਦਾ ਹੋਇਆ ਮਨੁੱਖ ਇੱਕ ਪੱਖੋਂ ਕਮਜ਼ੋਰ ਵੀ ਹੈ। ਈਸ਼ਵਰ ਦੇ ਸਾਹਮਣੇ ਇਹ ਤੁੱਛ ਜੀਵ ਹੈ।

– ਕਿਆ ਮਾਨੁਖ ਕਹਹੁ ਕਿਆ ਜੋਰੁ॥ ਝੂਠਾ ਮਾਇਆ ਕਾ ਸਭੁ ਸੋਰੁ॥
ਕਰਣ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥ (੧੭੮)

ਇਸ ਦੇ 'ਤੁੱਛ' ਹੋਣ ਬਾਰੇ ਇੱਕ ਥਾਂ ਮਹਾਰਾਜ ਇਉਂ ਲਿਖਦੇ ਹਨ:

– ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥ ਅਵਰ ਵਸਤੁ ਤੁਝ ਪਾਹਿ ਅਮਾਨ॥
ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਇਸੁ ਊਪਰਿ ਲੇ ਰਾਖਿਓ ਗੁਮਾਨ॥
ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਬਿਨੁ ਬੂਝੇ ਤੂੰ ਸਦਾ ਨਾਪਾਕ॥ (੩੭੪)

ਇੱਕ ਥਾਂ ਆਪਣਾ ਨਿਰਮਾਣ ਸੁਭਾਅ ਪ੍ਰਗਟ ਕਰਦੇ ਹਨ:

– ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥ (੨੦੬)

ਰਵਿਦਾਸ ਜੀ ਕਹਿੰਦੇ ਹਨ ਕਿ ਇਸ ਕਮਜ਼ੋਰ ਮਨੁੱਖ ਅੰਦਰ ਦੋਸ਼ ਵੀ ਬਹੁਤ ਹਨ, ਭਾਵ; ਕਾਮ, ਕ੍ਰੋਧ, ਮੋਹ, ਲੋਭ, ਅਹੰਕਾਰ ਪੰਜ ਦੋਸ਼। ਇੱਕ ਇੱਕ ਦੋਸ਼ ਦੇ ਕਾਰਨ ਮਿਰਗ, ਮੱਛੀ, ਭੰਵਰਾ, ਪਤੰਗਾ ਤੇ ਹਾਥੀ ਆਪਣਾ ਆਪ ਨਾਸ ਕਰ ਲੈਂਦੇ ਹਨ, ਤਾਂ ਇਸ ਪੰਜਾਂ ਦੋਸ਼ਾਂ ਵਾਲੇ ਬੰਦੇ ਦੀ ਕੀ ਆਸ ਰੱਖੀਏ?

– ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ (੪੮੬)

ਪਰ ਆਸ ਹੈ, ਨੌਵੇਂ ਪਾਤਸ਼ਾਹ ਪਾਰ ਉਤਾਰੇ ਦਾ ਰਸਤਾ ਦੱਸਦੇ ਹਨ:

– ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥ (੧੪੨੭)